**ਡਾਇਰੈਕਟੋਰੇਟ, ਪਸ਼ੂ ਪਾਲਣ ਵਿਭਾਗ, ਪੰਜਾਬ,**
**ਸਾਹਿਬਜ਼ਾਦਾ ਅਜੀਤ ਸਿੰਘ ਨਗਰ**
**(ਅਮਲਾ-2 ਸ਼ਾਖਾ)**

ਸੇਵਾ ਵਿਖੇ

ਸਮੂਹ ਅਧੀਨ ਦਫ਼ਤਰ,
ਪਸ਼ੂ ਪਾਲਣ ਵਿਭਾਗ,
ਪੰਜਾਬ।

ਨੰਬਰ: 6246 ਈ.13
ਮਿਤੀ : 10.4.2020

ਵਿਸ਼ਾ:- ਸਰਕਾਰੀ ਸੇਵਾ ਤੋਂ ਰਿਟਾਇਰ ਹੋ ਰਹੇ ਵੈਟਨਰੀ ਇੰਸਪੈਕਟਰ ਅਤੇ ਹੋਰ ਕਰਮਚਾਰੀਆਂ ਦੇ ਪੈਨਸਨਰੀ ਲਾਭਾਂ ਸਬੰਧੀ ਕੇਸ ਸਮੇਂ ਸਿਰ ਪ੍ਰੋਸੈਸ ਕਰਨ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਸਰਕਾਰ ਵੱਲੋਂ ਆਪਣੀਆਂ ਹਦਾਇਤਾਂ ਪੱਤਰ ਨੰ:22/2/2012-3ਐਫ.ਪੀ.2/237 ਮਿਤੀ 02-03-2020 ਰਾਹੀਂ ਅਧਿਕਾਰੀਆਂ/ਕਰਮਚਾਰੀਆਂ ਦੇ ਸੇਵਾ ਕਾਲ ਦੀ ਸਮਾਂ ਸੀਮਾ ਘਟਾਉਣ ਕਰਕੇ ਵਿਭਾਗ ਦੇ ਬਹੁਤ ਸਾਰੇ ਵੈਟਨਰੀ ਇੰਪੈਕਟਰ ਅਤੇ ਹੋਰ ਕਰਮਚਾਰੀ ਇਹਨਾਂ ਮਹੀਨਿਆਂ ਵਿੱਚ ਜਿਆਦਾ ਰਿਟਾਇਰ ਹੋ ਰਹੇ ਹਨ।

ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਬਤੌਰ ਹੈਡ ਆਫ ਆਫਿਸ ਹੋਣ ਕਰਕੇ, ਪੰਜਾਬ ਸਿਵਲ ਸੇਵਾਵਾਂ ਰੂਲਜ਼ ਭਾਗ-2(ਸੀ.ਐਸ.ਆਰ. ਭਾਗ-2)ਤਹਿਤ ਬਣਦੇ ਪੈਨਸਨਰੀ ਲਾਭ ਦੇਣ ਸਬੰਧੀ ਲੋੜੀਦੀ ਕਾਰਵਾਈ ਆਪਣੀ ਪੱਧਰ ਤੇ ਬਿਨਾਂ ਕਿਸੇ ਦੇਰੀ ਤੋਂ ਕਰਨੀ ਯਕੀਨੀ ਬਣਾਈ ਜਾਵੇ ਭਾਵ ਵੈਟਨਰੀ ਇੰਸਪੈਕਟਰਾਂ ਅਤੇ ਹੋਰ ਕਰਮਚਾਰੀਆਂ ਦੀ ਪੈਨਸਨ, ਡੀ.ਸੀ.ਆਰ.ਜੀ. ਅਤੇ ਕੰਮੂਟੇਸ਼ਨ ਆਫ ਪੈਨਸਨ ਆਦਿ ਦੇ ਕੇਸ ਸਮੇਂ ਸਿਰ ਮਹਾਂਲੇਖਾਕਾਰ ਪੰਜਾਬ ਚੰਡੀਗੜ੍ਹ ਨੂੰ ਭੇਜੇ ਜਾਣੇ ਯਕੀਨੀ ਬਣਾਏ ਜਾਣ ਅਤੇ ਦੂਸਰੇ ਪੈਨਸਨਰੀ ਬੈਨੀਫਿਟਸ ਜਿਵੇਂ ਕਿ ਲੀਵਇਨਕੈਸ਼ਮੈਂਟ, ਜੀ.ਪੀ.ਫੰਡ, ਜੀ.ਆਈ.ਐਸ. ਅਤੇ ਹੋਰ ਪੈਨਸਨਰੀ ਅਦਾਇਗੀਆਂ ਦੇ ਬਿਲ ਆਦਿ ਤੁਰੰਤ ਸਬੰਧਤ ਜਿਲ੍ਹਾ ਖਜਾਨਾ ਦਫ਼ਤਰ ਨੂੰ ਭੇਜੇ ਜਾਣੇ ਯਕੀਨੀ ਬਣਾਏ ਜਾਣ।

ਇਥੇ ਆਪ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਇਹਨਾਂ ਕਰਮਚਾਰੀਆਂ ਨੂੰ ਮਿਲਨ ਵਾਲੇ ਪੈਨਸਨਰੀ ਲਾਭਾ ਵਿੱਚ ਹੋਈ ਦੇਰੀ ਕਰਨ ਕੋਈ ਕੋਰਟ ਕੇਸ ਆਦਿ ਹੁੰਦਾ ਹੈ ਤਾਂ ਇਸ ਦੀ ਸਾਰੀ ਜਿੰਮੇਵਾਰੀ ਆਪ ਦੇ ਦਫ਼ਤਰ ਦੀ ਹੋਵੇਗੀ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

9 Sgh 10/4

ਡਾਇਰੈਕਟਰ, ਪਸ਼ੂ ਪਾਲਣ, ਵਿਭਾਗ, ਪੰਜਾਬ
ਸਾਹਿਬਜ਼ਾਦਾ ਅਜੀਤ ਸਿੰਘ ਨਗਰ

10/4/2020

Scanned by CamScanner

Scanned with CamScanner